# ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8 ਐਸ.ਏ.ਐਸ.ਨਗਰ, ਮੁਹਾਲੀ**

**ਫੋਨ ਨੰਬਰ: 0172-2212221**


(ਨੋਟਿਸ ਬੋਰਡ ਅਤੇ ਵੈਬਸਾਈਟ ਰਾਹੀਂ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: SCERT/23/2022-SDP-SCERT/307561/01
ਮਿਤੀ: ਐਸ.ਏ.ਐਸ.ਨਗਰ,24-03-2022

Subject: Disseminate the CSIR Innovation Award for school children (CIASC)-2022.

ਹਵਾਲਾ:- Department of School Education & Literacy, New Delhi ਵੱਲੋਂ ਪ੍ਰਾਪਤ ਪੱਤਰ ਨੰ F.No. 17-11/2022-UT.1 Dated 7 March 2022 ਦੇ ਸਬੰਧ ਵਿੱਚ।

1. ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ Innovation Protection Unit CSIR, New Delhi ਵੱਲੋਂ CSIR Innovation Award for School Children 2022 ਅਧੀਨ ਸਕੂਲੀ ਵਿਦਿਆਰਥੀਆਂ ਦੀਆਂ ਅਰਜੀਆ ਦੀ ਮੰਗ ਕੀਤੀ ਗਈ ਹੈ।
3. CSIR ਵੱਲੋਂ 26 ਸਤੰਬਰ ਨੂੰ ਉਨ੍ਹਾਂ ਦੇ Foundation Day ਦੇ ਮੌਕੇ ਤੇ Science & Technology ਮੰਤਰੀ ਵੱਲੋਂ ਇਸ ਪ੍ਰਤੀਯੋਗਤਾ ਵਿੱਚ ਜੇਤੂ 15 ਵਿਦਿਆਰਥੀਆਂ ਨੂੰ ਨਗਦ ਰਾਸ਼ੀ ਵਜੋਂ ਇਨਾਮ ਦਿੱਤੇ ਜਾਂਦੇ ਹਨ।
4. CSIR ਵੱਲੋਂ ਚੁਣੇ ਗਏ ਹੋਣਹਾਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਾਇੰਸ ਅਧਿਆਪਕਾ ਨੂੰ IPR ਸੈਂਟਰ ਵਿਖੇ ਇਨ੍ਹਾਂ ਪ੍ਰਤੀਯੋਗਤਾਵਾ ਸਬੰਧੀ ਟ੍ਰੇਨਿੰਗ ਦਿੱਤੀ ਜਾਵੇਗੀ।
5. CSIR Innovation Award for School Children 2022 ਅਧੀਨ ਵਿਦਿਆਰਥੀਆਂ ਵੱਲੋਂ ਸਿੱਟਾਦਾਇਕ ਅਤੇ ਉਪਯੋਗੀ proposals ਭੇਜੀਆ ਜਾਣ, ਜਿਨ੍ਹਾਂ ਦਾ idea or design

ਬਿਲਕੁੱਲ ਨਵਾ ਅਤੇ ਵੱਖਰਾ ਹੋਣਾ ਚਾਹੀਦਾ ਹੈ। ਇਹ innovations ਇੱਕ ਮਾਡਲ ਦੇ ਰੂਪ ਵਿੱਚ ਜਾਂ ਕੋਈ ਪ੍ਰਯੋਗਿਕ ਡਾਟਾ ਹੋ ਸਕਦਾ ਹੈ। ਜੋ ਕਿ internet ਤੋਂ ਦੇਖਿਆ ਨਾ ਹੋਵੇ ਅਤੇ ਸਿਰਫ ਅਧਿਆਪਕ/ਮਾਪਿਆ/ਦੋਸਤਾ ਦੀ ਮਦਦ ਨਾਲ ਬਣਾਇਆ ਹੋਵੇ।

6. ਹਰੇਕ proposal ਲਈ 5000 ਸਬਦਾ ਦੀ ਅੰਗਰੇਜੀ ਜਾਂ ਹਿੰਦੀ ਮਾਧਿਅਮ ਵਿੱਚ ਡਿਟੇਲ ਹੋਣੀ ਚਾਹੀਦੀ ਹੈ। ਇਹ ਡਿਟੇਲ ਉਸ ਸਕੂਲ ਪ੍ਰਿੰਸੀਪਲ ਵੱਲੋਂ ਪ੍ਰਵਾਨਿਤ ਹੋਣੀ ਚਾਹੀਦੀ ਹੈ, ਜਿੱਥੇ ਵਿਦਿਆਰਥੀ ਪੜ੍ਹਦਾ ਹੋਵੇ।

7. ਹਰੇਕ proposal ਦੇ ਉੱਤੇ ਵਿਦਿਆਰਥੀ ਦਾ ਨਾਂ, ਖੋਜ ਦਾ ਵਿਸ਼ਾ, ਵਿਦਿਆਰਥੀ ਦੀ ਜਨਮ ਤਾਰੀਕ, ਸਕੂਲ ਅਤੇ ਘਰ ਦਾ ਪੱਕਾ ਪਤਾ, ਟੈਲੀਫੋਨ ਨੰਬਰ ਅਤੇ ਈ.ਮੇਲ. ਪਤਾ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ।

8. ਵਧੀਆ, ਸਿੱਟਾਦਾਇਕ ਅਤੇ ਉਪਯੋਗੀ proposals ਭੇਜਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਰਾਸ਼ੀ ਹੇਠ ਲਿਖੇ ਅਨੁਸਾਰ ਦਿੱਤੀ ਜਾਵੇਗੀ:-

   1. ਪਹਿਲਾ ਇਨਾਮ (1)-100000/- ਰੁਪਏ
   2. ਦੂਜਾ ਇਨਾਮ (2)-50000/-ਰੁਪਏ ਹਰੇਕ ਵਿਦਿਆਰਥੀ
   3. ਤੀਜਾ ਇਨਾਮ (3)-30000/-ਰੁਪਏ ਹਰੇਕ ਵਿਦਿਆਰਥੀ
   4. ਚੌਥਾ ਇਨਾਮ (4)-20000/-ਰੁਪਏ ਹਰੇਕ ਵਿਦਿਆਰਥੀ
   5. ਪੰਜਵਾ ਇਨਾਮ (5)-10000/-ਰੁਪਏ ਹਰੇਕ ਵਿਦਿਆਰਥੀ

   ਇਸ ਤਰ੍ਹਾਂ 15 ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਰਾਸ਼ੀ ਦਿੱਤੀ ਜਾਵੇਗੀ।

9. ਵਿਦਿਆਰਥੀਆਂ ਵੱਲੋਂ proposals ਦੀ ਹਾਰਡ ਕਾਪੀ ਰਜਿਸਟਰਡ ਪੋਸਟ ਜਾਂ courier ਰਾਹੀਂ Head CSIR Innovation Protection Unit, NISCAIR, Building, 14 Satsang Vihar Marg, Special Institutional Area, New Delhi-110067 ਤੇ ਭੇਜੀਆ ਜਾਣ ਅਤੇ ਲਿਫਾਫੇ ਦੇ ਖੱਬੇ ਪਾਸੇ CIASC-2022 ਲਿਖਿਆ ਹੋਵੇ। CSIR Innovation Award for School Children 2022 ਅਧੀਨ ਭਾਗ ਲੈਣ ਵਾਲੇ ਵਿਦਿਆਰਥੀ ਆਪਣੀਆ ਐਂਟਰੀਆਂ

ਈ.ਮੇਲ. ਆਈ.ਡੀ. ciasc.ipu@niscir.ris.in ਤੇ ਭੇਜ ਸਕਦੇ ਹਨ। ਇਸ ਦੇ ਨਾਲ ਪ੍ਰਿੰਸੀਪਲ ਵੱਲੋਂ ਪ੍ਰਵਾਨਿਤ ਸਰਟੀਫਿਕੇਟ ਦੀ ਸਕੈਨਡ ਕਾਪੀ ਲਗਾਉਣਾ ਜ਼ਰੂਰੀ ਹੋਵੇਗਾ।

10. ਇਸ ਖੋਜ ਪ੍ਰਤੀਯੋਗਤਾ ਵਿੱਚ ਪਹਿਲੀ ਕਲਾਸ ਤੋਂ ਬਾਰਵੀਂ ਕਲਾਸ ਤੱਕ ਦੇ ਵਿਦਿਆਰਥੀ, ਜੋ ਕਿ ਕਿਸੇ ਵੀ ਭਾਰਤੀ ਸਕੂਲ ਵਿੱਚ ਪੜਦੇ ਹੋਣ ਅਤੇ 1 ਜਨਵਰੀ 2022 ਨੂੰ 18 ਸਾਲ ਤੋਂ ਘੱਟ ਹੋਣ, ਭਾਗ ਲੈ ਸਕਦੇ ਹਨ।
11. ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਦੀ ਆਖਰੀ ਮਿਤੀ 30 ਅਪ੍ਰੈਲ 2022 ਹੈ ਅਤੇ 30 ਅਪ੍ਰੈਲ 2022 ਤੋਂ ਬਾਅਦ ਪ੍ਰਾਪਤ ਐਂਟਰੀਆਂ ਨੂੰ ਪ੍ਰਤੀਯੋਗਤਾ ਲਈ ਨਹੀਂ ਵਿਚਾਰਿਆ ਜਾਵੇਗਾ।
12. ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਘੋਸ਼ਣਾ 26 ਸਤੰਬਰ 2022 ਨੂੰ ਜਾਂ ਇਸ ਤੋਂ ਪਹਿਲਾ ਨਵੀਂ ਦਿੱਲੀ ਵਿਖੇ ਕੀਤੀ ਜਾਵੇਗੀ ਅਤੇ ਸਿਰਫ ਜੇਤੂ ਵਿਦਿਆਰਥੀਆਂ ਨੂੰ ਹੀ ਇਨ੍ਹਾਂ ਬਾਰੇ ਦੱਸਿਆ ਜਾਵੇਗਾ।
13. ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਰਹਿਣ ਖਾਣ-ਪੀਣ ਅਤੇ ਆਉਂਣ-ਜਾਣ ਦਾ ਖਰਚਾ CSIR ਵੱਲੋਂ ਕੀਤਾ ਜਾਵੇਗਾ।
14. ਆਪ ਵੱਲੋਂ ਆਪਣੇ ਅਧੀਨ ਪੈਂਦੇ ਸਾਰੇ ਸਕੂਲਾਂ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ।
15. ਵਧੇਰੇ ਜਾਣਕਾਰੀ ਲਈ ਹਵਾਲਾ ਅਧੀਨ ਪੱਤਰ ਨਾਲ ਨੱਥੀ ਹੈ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ